No. 65/1/34-UTFII(12)-2014/ 418
CHANDIGARH ADMINISTRATION
FINANCE DEPARTMENT

DP / Medical College

Chandigarh, dated the 15-1-2014

To

All Heads of Departments/Offices
In Chandigarh Administration

1699
22 JAN 2014

**Subject:** **Regarding timely submission of Pension papers in respect of the Officers/Employees.**

Please find enclosed herewith a copy of letter No. 5/49/2013-5FPPC/1655 dated 18.11.2013 received from the Joint Secretary Finance, Government of Punjab, Department of Finance (Finance Pension Policy and Coordination Branch), Chandigarh on the subject cited above.

2. You are requested to take necessary action in the matter.

13/1/14
Superintendent Finance-II,
For Finance Secretary,
Chandigarh Administration

## GOVERNMENT MEDICAL COLLEGE & HOSPITAL, CHANDIGARH

(Hospital Building), Sector 32-B, Chandigarh-160030 (Ph:0172-2665253-59, Fax: 0172-2608488)

**(ESTABLISHMENT BRANCH-IV)**

Endst. No. GMCH-E-IV-EA-1(24/2)-2014/ 03525-28 Dated, Chandigarh the 28 JAN 2014

A copy alongwith its enclosure is forwarded to the followings for information & necessary action at their end:

1. The Medical Superintendent, GMCH, Chandigarh.
2. The Deputy Controller (F&A), GMCH-32, Chandigarh.
3. The Office Superintendents (Est. I,II,III, HA-I & II), GMCH-32, Chandigarh.
4. The Computer Programmer, GMCH, Chandigarh. He is requested to e-circulate the same among all the HODs/Br. Incharges and PA to DP/ADA of this Institute for kind information of DP/ADA pl.

27.1.14

Superintendent (Est.-IV)

(147)

ਨੰ: 5/49/2013-5ਵਿਪਪਤ/1655

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)

ਮਿਤੀ, ਚੰਡੀਗੜ੍ਹ: 18 ਨਵੰਬਰ, 2013

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ ਵਿਚ।

Finance II Branch
2800
Dated 02/12/13

ਵਿਸ਼ਾ:- ਸੇਵਾ-ਨਵਿਰਤ ਹੋਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਪੈਨਸ਼ਨ ਪੇਪਰ ਸਮੇਂ ਸਿਰ ਪੇਸ਼ ਕਰਨ ਬਾਰੇ।

ਸ਼੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸਰਵਿਸਿਜ਼ ਨਿਯਮਾਂਵਲੀ, ਜਿਲਦ-2 ਦੇ ਚੈਪਟਰ 9 ਅਧੀਨ ਸੇਵਾ-ਨਵਿਰਤ ਹੋਣ ਵਾਲੇ ਕਰਮਚਾਰੀਆਂ ਦੇ ਪੈਨਸ਼ਨ ਪੇਪਰ ਸਮੇਂ ਸਿਰ ਤਿਆਰ ਕਰਵਾਉਣ ਤੇ ਮਹਾਂਲੇਖਾਕਾਰ, ਪੰਜਾਬ ਨੂੰ ਭੇਜਣ ਲਈ ਵੱਖ-ਵੱਖ ਨੁਕਤਿਆਂ ਤੇ ਦਿੱਤੀ ਸਮਾਂ-ਸੀਮਾ ਨਿਸਚਿਤ ਕੀਤੀ ਹੋਈ ਹੈ। ਜੇਕਰ ਸਬੰਧਤ ਵਿਭਾਗ ਇਨ੍ਹਾਂ ਨਿਯਮਾਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਂਦੀ ਹੈ ਤਾਂ ਕਰਮਚਾਰੀ ਵੱਲੋਂ ਪੈਨਸ਼ਨਰੀ ਲਾਭਾਂ ਉੱਤੇ ਅਦਾਲਤ ਰਾਹੀਂ ਦਿੱਤੀ ਜਾਂਦੀ ਵਿਆਜ ਦੀ ਮੰਗ ਤੋਂ ਬਚਿਆ ਜਾ ਸਕਦਾ ਹੈ। ਇਸ ਲਈ ਸਾਰੇ ਵਿਭਾਗਾਂ ਵੱਲੋਂ ਪੰਜਾਬ ਸਰਕਾਰ ਦੇ ਨਿਯਮਾਂ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਦੀ ਲੋੜ ਹੈ।

2. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰੂਲਾਂ/ਹਦਾਇਤਾਂ ਰਾਹੀਂ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਸੇਵਾ-ਨਵਿਰਤ ਹੋਣ ਵਾਲੇ ਕਰਮਚਾਰੀਆਂ ਦੇ ਪੈਨਸ਼ਨ ਪੇਪਰ ਪੇਸ਼ ਕਰਨ ਅਤੇ ਕਾਰਵਾਈ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਪੈਨਸ਼ਨਰੀ ਲਾਭਾਂ ਦੀ ਅਦਾਇਗੀ ਵਿਚ ਕਿਸੇ ਵੀ ਤਰ੍ਹਾਂ ਦੀ ਦੇਰੀ ਲਈ ਵਿਭਾਗ ਜ਼ਿੰਮੇਵਾਰ ਹੋਵੇਗਾ। ਜੇਕਰ ਕੋਈ ਰਿਟਾਇਰੀ ਪੈਨਸ਼ਨ ਦੀ ਅਦਾਇਗੀ ਵਿਚ ਹੋਈ ਦੇਰੀ ਦੇ ਸਮੇਂ ਲਈ ਵਿਆਜ ਦੀ ਮੰਗ ਕਰਦਾ ਹੈ ਤਾਂ ਵਿਭਾਗੀ ਮੁਖੀ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੀ ਤਸੱਲੀ ਕਰ ਲਵੇ ਕਿ ਅਦਾਇਗੀ ਵਿਚ ਦੇਰੀ ਲਈ ਰਿਟਾਇਰੀ ਖੁਦ ਜ਼ਿੰਮੇਵਾਰ ਹੈ ਜਾਂ ਦੇਰੀ ਪ੍ਰਬੰਧਕੀ ਕਾਰਨਾਂ ਕਰਕੇ ਹੋਈ ਹੈ।ਜੇਕਰ ਦੇਰੀ ਲਈ ਰਿਟਾਇਰੀ ਜ਼ਿੰਮੇਵਾਰ ਹੈ ਤਾਂ ਉਸ ਨੂੰ ਵਿਆਜ ਦੀ ਕੋਈ ਅਦਾਇਗੀ ਨਾ ਕੀਤੀ ਜਾਵੇ ਅਤੇ ਜੇਕਰ ਅਦਾਇਗੀ ਵਿਚ ਦੇਰੀ ਪ੍ਰਬੰਧਕੀ ਕਾਰਨਾਂ ਕਰਕੇ ਹੋਈ ਹੈ ਤਾਂ ਰਿਟਾਇਰੀ ਨੂੰ ਨਿਯਮਾਂ ਅਨੁਸਾਰ ਵਿਆਜ ਦੀ ਅਦਾਇਗੀ ਕਰ ਦਿੱਤੀ ਜਾਵੇ। ਉਪਰੰਤ ਉਹ ਰਾਸ਼ੀ ਲਈ ਜ਼ਿੰਮੇਵਾਰ ਅਧਿਕਾਰੀਆਂ/ਕਰਮਚਾਰੀਆਂ ਤੋਂ ਵਸੂਲੀ ਜਾਵੇ। ਇਹ ਹਦਾਇਤਾਂ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆਉਂਦੇ ਹੋਏ ਉਨ੍ਹਾਂ ਨੂੰ ਸਖਤ ਹਦਾਇਤਾਂ ਕੀਤੀਆਂ ਜਾਣ ਕਿ ਉਹ ਨਿਰਧਾਰਿਤ ਸਮਾਂ-ਸੀਮਾ ਦੇ ਅੰਦਰ ਆਪਣੇ ਵੱਲੋਂ ਪੈਨਸ਼ਨ ਪੇਪਰ ਮੁਕੰਮਲ ਕਰਕੇ ਆਪਣੇ ਦਫਤਰ ਵਿਚ ਪੇਸ਼ ਕਰਨ, ਨਹੀਂ ਤਾਂ ਉਹ ਕਿਸੇ ਤਰ੍ਹਾਂ ਦੀ ਦੇਰੀ ਨਾਲ ਵਿਆਜ ਲਈ ਹੱਕਦਾਰ ਨਹੀਂ ਹੋਣਗੇ। ਜਿਥੋਂ ਤੱਕ ਹੋ ਸਕੇ ਜਿਨ੍ਹਾਂ ਕੇਸਾਂ ਵਿਚ ਪੈਨਸ਼ਨਰੀ ਲਾਭ ਅਦਾਲਤੀ ਕਾਰਨਾਂ ਕਰਕੇ ਰੋਕੇ ਜਾਂਦੇ ਹਨ, ਉਨ੍ਹਾਂ ਨੂੰ ਛੱਡ ਕੇ ਬਾਕੀ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਸਮੇਂ ਸਿਰ ਅਧਿਕਾਰੀਆਂ/ਕਰਮਚਾਰੀਆਂ ਨੂੰ ਦੇਣੇ ਬਣਦੇ ਹਨ ਤਾਂ ਜੋ ਕਿਸੇ ਤਰ੍ਹਾਂ ਦੇ ਵਾਧੂ ਵਿਆਜ ਤੋਂ ਬਚਿਆ ਜਾ ਸਕੇ।

3. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਵਿਸ਼ਵਾਸਪਾਤਰ

(ਊਸ਼ਾ ਸਹਿਗਲ) 18/11/13

ਸੰਯੁਕਤ ਸਕੱਤਰ ਵਿੱਤ

ਪਿੱ:ਅੰ:ਨੰ: 5/49/2013-5ਵਿਪਪਤ/1656 ਮਿਤੀ, ਚੰਡੀਗੜ੍ਹ: 18 ਨਵੰਬਰ, 2013

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

18/11/13

ਸੰਯੁਕਤ ਸਕੱਤਰ ਵਿੱਤ

ਪਿੱ:ਅੰ:ਨੰ: 5/49/2013-5ਵਿਪਪਤ/1657 ਮਿਤੀ, ਚੰਡੀਗੜ੍ਹ: 18 ਨਵੰਬਰ, 2013

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, ਪੰਜਾਬ (ਆਡਿਟ), ਚੰਡੀਗੜ੍ਹ।
2. ਮਹਾਂਲੇਖਾਕਾਰ, ਪੰਜਾਬ (ਹੱਕਦਾਰੀ), ਚੰਡੀਗੜ੍ਹ।

ਸੁਪਰਡੰਟ

ਪਿੱ:ਅੰ:ਨੰ: 5/49/2013-5ਵਿਪਪਤ/1658 ਮਿਤੀ, ਚੰਡੀਗੜ੍ਹ: 18 ਨਵੰਬਰ, 2013

ਉਤਾਰਾ ਸਕੱਤਰ, ਪੰਜਾਬ ਸਰਕਾਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ ਅਤੇ ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ, ਪੰਜਾਬ, ਚੰਡੀਗੜ੍ਹ ਨੂੰ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱ:ਅੰ:ਨੰ: 5/49/2013-5ਵਿਪਪਤ/1659 ਮਿਤੀ, ਚੰਡੀਗੜ੍ਹ:18 ਨਵੰਬਰ, 2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਹਿਮਾਚਲ ਪ੍ਰਦੇਸ਼ ਸਰਕਾਰ, ਵਿੱਤ ਵਿਭਾਗ, ਸ਼ਿਮਲਾ।
2. ਸਕੱਤਰ, ਹਰਿਆਣਾ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ।
3. ਵਿੱਤ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ (ਯੂ.ਟੀ.), ਚੰਡੀਗੜ੍ਹ।
4. ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ (ਮਾਲ), ਸੈਕਟਰ 22-ਡੀ, ਚੰਡੀਗੜ੍ਹ।
5. ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ, ਚੰਡੀਗੜ੍ਹ।
6. ਰਾਜ ਦੇ ਸਮੂਹ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਅਪਸ (ਮਾਲ)।
7. ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ, ਪੰਜਾਬ, ਚੰਡੀਗੜ੍ਹ।
8. ਪ੍ਰਧਾਨ, ਪੰਜਾਬ ਸਟੇਟ ਅਕਾਊਂਟਸ ਸਰਵਿਸਿਜ਼ ਐਸੋਸੀਏਸ਼ਨ (ਰਜਿਸਟਰਡ), ਸੈਕਟਰ 22-ਡੀ, ਚੰਡੀਗੜ੍ਹ।

ਸੁਪਰਡੰਟ